File No. SED-EDU401/14/2021-2EDU4/I/1039169/2025 ਮਿਤੀ, ਚੰਡੀਗੜ੍ਹ: 20.02.2025

ਪੰਜਾਬ ਸਰਕਾਰ
ਸਿਖਿਆ ਵਿਭਾਗ
(ਸਿਖਿਆ-4 ਸਾਖਾ)

ਹੁਕਮ

ਸਿੱਖਿਆ ਵਿਭਾਗ (ਸਕੂਲ ਵਿੱਚ ਕੰਮ ਕਰ ਰਹੇ ਲੈਕਚਰਾਰਾਂ, ਹੈੱਡਮਾਸਟਰਾਂ ਅਤੇ ਵੋਕੇਸ਼ਨਲ ਲੈਕਚਰਾਰਾਂ ਨੂੰ PES (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪੱਦਉਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 25.11.2022 ਨੂੰ ਰੱਖੀ ਗਈ ਸੀ। ਜਿਸ ਵਿੱਚ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ/ਪ੍ਰਵਾਨ ਕੀਤੇ ਅਨੁਸਾਰ ਲਗਭਗ 194 ਕਰਮਚਾਰੀਆਂ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ ਗਰੁੱਪ-A ਸਰਵਿਸ ਰੂਲਜ਼ 2018 ਮਿਤੀ 07.06.2018/13.02.2020 ਅਨੁਸਾਰ ਤਨਖਾਹ ਸਕੇਲ ਲੈਵਲ-21 ਵਿੱਚ ਬਤੌਰ ਪ੍ਰਿੰਸੀਪਲ ਪੱਦ ਉਨਤ ਕਰਨ ਸਬੰਧੀ ਹੁਕਮ ਮਿਤੀ 29.11.2022 ਨੂੰ ਜਾਰੀ ਕੀਤੇ ਗਏ ਸਨ। ਉਸ ਮੀਟਿੰਗ ਵਿੱਚ ਮੁੱਖ ਅਧਿਆਪਕਾਂ ਤੋਂ ਬਤੌਰ ਪ੍ਰਿੰਸੀਪਲ ਤਰੱਕੀਆਂ ਕਰਨ ਲਈ ਵੀ ਕੇਸ ਵਿਚਾਰੇ ਗਏ ਸਨ ਪਰੰਤੂ ਕੁਝ ਮੁੱਖ ਅਧਿਆਪਕਾਂ ਦੀ ਭਰਤੀ ਸਮੇਂ ਉਨ੍ਹਾਂ ਦੇ ਤਜ਼ਰਬਾ ਸਰਟੀਫਿਕੇਟ ਉਨ੍ਹਾਂ ਦੀ ਭਰਤੀ ਦੀ ਕੱਟ ਆਫ ਮਿਤੀ ਤੋਂ ਬਾਅਦ ਜ਼ਿਲ੍ਹਾ ਸਿੱਖਿਆ ਅਫਸਰ ਵਲੋਂ ਪ੍ਰਤੀਹਸਤਾਖਰ ਕੀਤੇ ਹੋਣ ਕਾਰਨ ਉਨ੍ਹਾਂ ਨੂੰ ਨੌਕਰੀ ਤੋਂ ਕੱਢਣ ਲਈ ਨੋਟਿਸ ਦਿੱਤੇ ਗਏ ਸਨ। ਪਰੰਤੂ ਕੁਝ ਮੁੱਖ ਅਧਿਆਪਕਾਂ ਵਲੋਂ ਨੌਕਰੀ ਤੋਂ ਕੱਢਣ ਲਈ ਦਿੱਤੇ ਗਏ ਨੋਟਿਸ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 23575 ਆਫ 2015 ਰਾਹੀਂ ਚੈਲੰਜ ਕੀਤਾ ਗਿਆ ਸੀ, ਜਿਸ ਵਿੱਚ ਮਿਤੀ 10.01.2020 ਨੂੰ ਮਾਨਯੋਗ ਕੋਰਟ ਦੇ ਅੰਤ੍ਰਿਮ ਆਦੇਸ਼ਾਂ ਕਾਰਨ ਉਨ੍ਹਾਂ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾ ਸਕਿਆ ਸੀ। ਇਨ੍ਹਾਂ ਹੁਕਮਾਂ ਵਿਰੁੱਧ ਸਰਕਾਰ ਵਲੋਂ LPA ਨੰ: 518 ਆਫ 2020 ਦਾਇਰ ਕੀਤੀ ਗਈ ਸੀ।

2. ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਪੂਨਮ, ਸੀਨੀਆਰਤਾ ਨੰ: 2292(ਜਨਰਲ), ਸ੍ਰੀ ਕੁਲਵੰਤ ਸਿੰਘ(ਅ.ਜ.), ਸੀਨੀਆਰਤਾ ਨੰ: 2307, ਸ੍ਰੀ ਲਖਵੀਰ ਸਿੰਘ (ਅ.ਜ), ਸੀਨੀਆਰਤਾ ਨੰ: 2310 ਅਤੇ ਸ੍ਰੀ ਅਸ਼ੋਕ ਕੁਮਾਰ (ਅ.ਜ), ਸੀਨੀਆਰਤਾ ਨੰ: 2331 ਦੇ ਨਾਮ ਸੀਲਡ ਕਵਰ ਵਿੱਚ ਰੱਖਣ ਦਾ ਫੈਸਲਾ ਲਿਆ ਗਿਆ ਸੀ ਕਿ ਮਾਨਯੋਗ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 23575 ਆਫ 2015 ਦੇ ਹੁਕਮ ਵਿਰੁੱਧ ਪਾਈ ਗਈ LPA ਨੰ: 518 ਆਫ 2020 ਵਿੱਚ ਮਾਨਯੋਗ ਕੋਰਟ ਵਲੋਂ ਜੋ ਵੀ ਫੈਸਲਾ ਹੋਵੇਗਾ, ਉਸ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ LPA ਨੰ: 518 ਆਫ 2020 ਦਾ ਫੈਸਲਾ ਮਿਤੀ 24.09.2024 ਨੂੰ ਪਟੀਸ਼ਨਰਾਂ ਦੇ ਹੱਕ ਵਿੱਚ ਹੋ ਗਿਆ ਸੀ, ਜਿਸ ਦਾ ਉਪਰੇਟਿਵ ਪਾਰਟ ਹੇਠ ਅਨੁਸਾਰ ਹੈ:-

> *"Therefore the decision of the respondent State in the present case of appointing appellants cannot be faulted. Further, all the appellants are in service since last 6 years and they cannot be thrown out of the service only on this procedural ground that their experience certificates were not countersigned by the District Education Officer before cut off date. Therefore, the judgment dated 10.01.2020 passed by the learned Single Judge in CWP-23575-2015 is set aside and the present appeals are allowed."*

4. ਮਿਤੀ 25.11.2022 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨ ਕੀਤੇ ਅਨੁਸਾਰ ਮੁੱਖ ਅਧਿਆਪਕਾਂ ਦੇ ਕਾਡਰ ਵਿਚ ਕੁੱਲ 39 (34 ਜਨਰਲ ਅਤੇ 05 ਅ.ਜ ਕਾਡਰ) ਦੇ ਕਰਮਚਾਰੀਆਂ ਨੂੰ ਬਤੌਰ

P.T.O.

ਪ੍ਰਿੰਸੀਪਲ ਪਦਉਨਤ ਕੀਤਾ ਜਾਣਾ ਸੀ। ਮਿਤੀ 29.11.2022 ਨੂੰ ਜਾਰੀ ਹੋਏ ਹੁਕਮਾਂ ਵਿੱਚ 33 ਜਨਰਲ ਅਤੇ 02 ਅ.ਜ. ਵਰਗ ਦੇ ਕਰਮਚਾਰੀਆਂ ਨੂੰ ਪਹਿਲਾਂ ਹੀ ਬਤੌਰ ਪ੍ਰਿੰਸੀਪਲ ਪਦਉਨਤ ਕੀਤਾ ਜਾ ਚੁੱਕਾ ਹੈ। ਇਸ ਲਈ ਹੁਣ ਮਿਤੀ 25.11.2022 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਸੀਲਡ ਕਵਰ ਵਿੱਚ ਰੱਖੇ ਹੇਠ ਦਰਸਾਏ ਅਨੁਸਾਰ 04 ਕਰਮਚਾਰੀਆਂ ਨੂੰ (01 ਜਨਰਲ ਅਤੇ 03 ਅ.ਜ. ਵਰਗ) ਦੇ ਹੇਠ ਦਰਸਾਏ ਕਰਮਚਾਰੀਆਂ ਨੂੰ ਮਿਤੀ 29.11.2022 ਤੋਂ ਬਤੌਰ ਪ੍ਰਿੰਸੀਪਲ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ | ਸੀਨੀਆਰਤਾ | ਕੈਟਾਗਰੀ |
|---|---|---|---|
| 1. | ਸ੍ਰੀਮਤੀ ਪੂਨਮ | 2292 | ਜਨਰਲ |
| 2. | ਸ੍ਰੀ ਕੁਲਵੰਤ ਸਿੰਘ | 2307 | ਅ.ਜਾਤੀ |
| 3. | ਸ੍ਰੀ ਲਖਵੀਰ ਸਿੰਘ | 2310 | ਅ.ਜਾਤੀ |
| 4. | ਸ੍ਰੀ ਅਸ਼ੋਕ ਕੁਮਾਰ | 2331 | ਅ.ਜਾਤੀ |

ਮਿਤੀ 29.11.2022 ਤੋਂ ਆਰਡਰ ਜਾਰੀ ਹੋਣ ਤੱਕ ਦੀ ਮਿਤੀ ਤੋਂ ਇਨ੍ਹਾਂ ਅਧਿਕਾਰੀਆਂ ਦੀ ਤਰੱਕੀ ਨੋਸ਼ਨਲ ਹੋਵੇਗੀ।

5. ਇਨ੍ਹਾਂ ਅਧਿਕਾਰੀਆਂ ਦੀਆਂ ਤੈਨਾਤੀਆਂ ਦੇ ਹੁਕਮ ਵੱਖਰੇ ਤੌਰ ਤੇ ਬਾਅਦ ਵਿੱਚ ਜਾਰੀ ਕੀਤੇ ਜਾਣਗੇ। ਬਾਕੀ ਦੀਆਂ ਸ਼ਰਤਾਂ ਸਰਕਾਰ ਦੇ ਹੁਕਮ ਮਿਤੀ 29/11/2022 ਵਾਲੀਆਂ ਹੀ ਰਹਿਣਗੀਆਂ। ਨਵੇਂ ਪਦਉੱਨਤ ਹੋਏ ਉਕਤ ਅਧਿਕਾਰੀ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਆਪਣੀ ਹਾਜ਼ਰੀ ਰਿਪੋਰਟ ਤੁਰੰਤ ਪੇਸ਼ ਕਰਨਗੇ।

ਮਿਤੀ,ਚੰਡੀਗੜ੍ਹ:
20-02-2025

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿ.ਅੰ.ਨੰ./ਉਕਤ

ਮਿਤੀ, ਚੰਡੀਗੜ੍ਹ: 20.02.2025

ਉਪਰੋਕਤ ਦਾ ਇਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ।
6. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ.ਸਿ.), ਪੰਜਾਬ (ਵੈਬਸਾਈਟ ਰਾਹੀਂ)।
7. ਸਮੂਹ ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)

(ਰਾਜੇਸ਼ ਕੁਮਾਰ)
ਸੁਪਰਡੰਟ